# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈਸਿ) ਪੰਜਾਬ, ਐਸ ਏ ਐਸ ਨਗਰ।

ਹੁਕਮ ਨੰਬਰ:2/9-2016 ਅਮਲਾ-2(5) ਮਿਤੀ : 09-11-2016

ਮਿਤੀ 07-05-2011 ਨੂੰ ਜਾਰੀ ਵਿਗਿਆਪਣ ਰਾਹੀ ਯੋਗ ਬਿਨੈਕਾਰਾਂ ਤੋਂ ਸਕੂਲ ਸਿਖਿਆ ਵਿਭਾਗ ਪੰਜਾਬ ਵਿਚ ਟੀਚਿੰਗ ਅਮਲੇ ਦੀਆ ਅਸਾਮੀਆ ਲਈ ਠੇਕੇ ਤੇ ਆਧਾਰਿਤ ਨਿਯੁਕਤੀ ਲਈ 10300/- ਰੁਪਏ ਪ੍ਰਤੀ ਮਹੀਨਾ ਯਕਮੁਸਤ ਤਨਖਾਹ ਤੇ ਬਿਨੈਪੱਤਰ ਮੰਗੇ ਗਏ ਸੀ, ਵਿਗਿਆਪਣ ਵਿਚ ਦਰਜ ਸ਼ਰਤ ਅਨੁਸਾਰ ਤਿੰਨ ਸਾਲ ਬਾਅਦ ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ਼ ਹੋਣ ਦੀ ਸੂਰਤ ਵਿਚ ਰੈਗੂਲਰ ਨਿਯੁਕਤੀ ਲਈ ਵਿਚਾਰਿਆ ਜਾਣ ਦਾ ਉਪਬੰਧ ਸੀ। ਮਿਤੀ 07-05-2011 ਦੇ ਵਿਗਿਆਪਣ ਅਧੀਨ, ਠੇਕੇ ਤੇ ਨਿਯੁਕਤ ਕਰਮਚਾਰੀਆ ਦੇ ਪੂਰੇ ਬੈਚ ਦੇ ਚੁਣੇ ਗਏ ਪ੍ਰਾਰਥੀਆਂ ਵਿੱਚੋ ਸਭ ਤੋਂ ਪਹਿਲਾਂ ਹਾਜਰ ਹੋਏ ਪ੍ਰਾਰਥੀ ਦੀ ਹਾਜਰੀ ਦੀ ਮਿਤੀ ਤੋਂ ਤਿੰਨ ਸਾਲ ਦਾ ਸਮਾ ਪੂਰਾ ਹੋਇਆ ਮੰਨਦੇ ਹੋਏ ਅਜਿਹੇ ਨਿਯੁਕਤ ਹੋਏ ਕਰਮਚਾਰੀਆਂ ਦੀਆਂ ਸੇਵਾਵਾਂ ਮਿਤੀ 15-01-2016 ਤੋਂ ਨਿਯਮਤ ਕਰਨ ਦਾ ਫੈਸਲਾ ਲਿਆ ਗਿਆ ਹੈ, ਪਰੰਤੂ ਅਜਿਹੇ ਨਿਯਮਤ ਹੋਏ ਕਰਮਚਾਰੀਆਂ ਨੂੰ ਤਨਖਾਹ ਸਕੇਲ ਪੂਰੇ ਤਿੰਨ ਸਾਲ ਦੀ ਕਾਬਲ ਬਣਾਉਣ ਵਾਲੀ ਸੇਵਾ, ਭਾਵ ਉਹਨਾ ਦੀ ਅਸਲ ਹਾਜਰੀ ਦੀ ਮਿਤੀ ਤੋ ਤਿੰਨ ਸਾਲ ਦਾ ਸਮਾ, ਮੁਕੰਮਲ ਕਰਨ ਤੇ ਰਿਲੀਜ ਕੀਤਾ ਜਾਵੇਗਾ।

ਹੇਠ ਲਿਖੇ ਠੇਕੇ ਤੇ ਨਿਯੁੱਕਤ ਕਰਮਚਾਰੀਆਂ ਦੀਆਂ ਸੇਵਾਵਾਂ ਬਤੌਰ ਉਰਦੂ ਮਾਸਟਰ/ ਮਿਸਟ੍ਰੈਸ ਪੇ ਬੈਡ 10300-34800 + ਗ੍ਰੇਡ ਪੇ 5000, (ਜਮਾਂ ਪੰਜਾਬ ਸਰਕਾਰ ਵੱਲੋ ਮਿਲਣ ਯੋਗ ਭਤਿਆਂ ਸਹਿਤ) ਨਿਮਨ ਲਿਖਤ ਸਰਤਾ ਦੇ ਤਹਿਤ ਮਿਤੀ 15-01-2016 ਤੋਂ ਰੈਗੂਲਰਾਈਜ ਕੀਤੀਆਂ ਜਾਦੀਆਂ ਹਨ:-

| Sr. No. | Regis. Number | Candidate's Name | Father's Name | Merit t | Category | Name of School | Date of Joining on Contract basis |
|---|---|---|---|---|---|---|---|
| 1 | 1101582 | Safiqa | Abdul Lateef | 50.63 | B.C. | GSSS Malerkotla (Sangrur) | 24-01-2013 |

ਸਰਤਾਂ

1 ਕਰਮਚਾਰੀ ਨੂੰ ਉਪਰੋਕਤ ਰੈਗੂਲਰ ਤਨਖਾਹ ਸਕੇਲ ਉਸ ਦੀ ਅਸਲ ਹਾਜਰੀ ਦੀ ਮਿਤੀ ਤੋਂ ਤਿੰਨ ਸਾਲ ਦੀ ਸੇਵਾ ਮੁਕੰਮਲ ਕਰਨ ਦੀ ਮਿਤੀ ਤੋਂ ਰਿਲੀਜ ਕੀਤਾ ਜਾਵੇਗਾ।

2 ਕਰਮਚਾਰੀ ਦੇ ਖਿਲਾਫ ਕੋਈ ਪੁਲਿਸ ਤਫਤੀਸ/ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵਲੋਂ ਸਵੈ ਘੋਸ਼ਨਾ ਪੱਤਰ (Self Declaration) ਦਿੱਤਾ ਜਾਵੇਗਾ।

3 ਕਰਮਚਾਰੀ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁਕਣ ਸਬੰਧੀ ਹਲਫਨਾਮਾ ਦੇਵੇਗਾ।

4 ਕਰਮਚਾਰੀ ਜਿਲੇ ਦੇ ਸਬੰਧਤ ਸਿਵਲ ਸਰਜਨ ਵੱਲੋਂ ਫਿਟਨੈਸ ਸਰਟੀਫਿਕੇਟ ਪੇਸ ਕਰੇਗਾ।

5 ਕਰਮਚਾਰੀ ਦੇ ਚਾਲ ਚਲਣ ਸਬੰਧੀ ਤਸਦੀਕ ਸਬੰਧਤ ਜਿਲਾ ਮੈਜਿਸਟ੍ਰੇਟ ਤੋਂ ਕਰਵਾਉਣ ਉਪਰੰਤ ਮੰਨੀ ਜਾਵੇਗੀ। ਜੇਕਰ ਤਸਦੀਕੀ6ਉਪਰੰਤ ਕਰਮਚਾਰੀ/ਕਰਮਚਾਰਨ ਦੇ ਵਿਰੁੱਧ ਚਾਲ ਚੱਲਣ ਸਬੰਧੀ ਕੋਈ ਸਿਕਾਇਤ ਧਿਆਨ ਵਿੱਚ ਆਈ ਤਾਂ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰਨ ਦਿਤੀਆ ਜਾਣਗੀਆਂ।

6 ਕਰਮਚਾਰੀ ਮਾਸਟਰ ਕਾਡਰ ਵਿੱਚ ਸਬੰਧਤ ਵਿਸੇ ਦੀਆ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾ ਪੂਰੀਆ ਕਰਦਾ ਹੋਵੇ। ਡਿਸਟੈਸ ਮੋਡ ਰਾਹੀ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction) ਵਿਚ ਹੀ ਕੀਤੀ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਸਹੀ ਨਹੀ ਪਾਇਆ ਜਾਂਦਾ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।

7 ਕਰਮਚਾਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਦੁਆਰਾ ਸੌਪੀ ਗਈ ਕੋਈ ਵੀ ਜਿਮੇਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੈਂਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵੱਜੋ ਦਿੱਤੀ ਗਈ ਜਿਮੇਵਾਰੀ ਹੋਰ ਸਕੂਲ ਦੀਆਂ ਜਿਮੇਵਾਰੀਆਂ ਦੇ ਇੱਕ ਹਿੱਸੇ ਵੱਜੋ ਨਿਭਾਉਣੀ ਪਵੇਗੀ।

8 ਕਰਮਚਾਰੀ ਨੂੰ ਨਿਯੁਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀ ਦਿਤਾ ਜਾਵੇਗਾ।

9 ਕਰਮਚਾਰੀ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀ ਕਰੇਗਾ।

10 ਇਹ ਨਿਯੁਕਤੀ ਦੋ ਸਾਲਾਂ ਲਈ ਪਰਖ ਸਮੇ ਲਈ ਪ੍ਰੋਬੇਸਨਰੀ ਹੋਵੇਗੀ। ਇਸ ਸਮੇ ਦੌਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਇਆ ਗਿਆ ਤਾਂ ਬਿਨ੍ਹਾਂ ਨੋਟਿਸ ਦਿਤੇ ਨੋਕਰੀ ਤੋ ਕੱਢ ਦਿੱਤਾ ਜਾਵੇਗਾ।

11 ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸਨ ਨੰ: 11/9402-4ਪੀ.ਪੀ 2/650 ਮਿਤੀ 12-01-2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।

12 ਕਰਮਚਾਰੀ ਨੂੰ ਠੇਕੇ ਦੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀ ਮਿਲੇਗਾ ਸਗੋ ਉਸਦੀ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀ ਨਿਯੁਕਤੀ ਵਜੋ ਨਿਯੁਕਤੀ ਮਿਲੀ ਮੰਨੀ ਜਾਵੇਗੀ।

13 ਕਰਮਚਾਰੀ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਵਿੱਚ ਦਰਜ ਧਾਰਵਾਂ ਦਾ ਪਾਬੰਦ ਰਹਿਣਾ ਪਵੇਗਾ।

14 ਕਰਮਚਾਰੀ ਵੱਲੋ ਜੇਕਰ ਕੋਈ ਪੇਸ ਕੀਤਾ ਦਸਤਾਵੇਜ ਬਾਅਦ ਵਿੱਚ ਗਲਤ/ਜਾਅਲੀ ਪਾਇਆ ਜਾਦਾ ਹੈ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਾਰਨ ਦੱਸੇ ਨੋਟਿਸ ਦਿਤੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।

15 ਮਾਨਯੋਗ ਸੁਪਰੀਮ ਕੋਰਟ /ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਡਿੰਗ ਕਿਸੇ ਐਸ.ਐਲ.ਪੀ./ਰਿੱਟ ਪਟੀਸਨਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ ਇਹਨ੍ਹਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ।

16 ਆਪ ਦੀ ਸੀਨਿਆਰਤਾ ਮੈਰਿਟ ਲਿਸਟ ਵਿਚ ਰੈਕਿੰਗ ਦੇ ਆਧਾਰ ਤੇ ਫਿਕਸ ਕੀਤੀ ਜਾਵੇਗੀ।

ਬਲਬੀਰ ਸਿੰਘ ਢੋਲ
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ।

ਪਿੱਠ ਅੰਕਣ ਨੰ: ਉਕਤ 4059 ਮਿਤੀ :-09-11-2016

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਦਾ ਹੈ:-

1 ਮੰਡਲ ਸਿੱਖਿਆ ਅਫਸਰ ਨਾਭਾ, ਜਲੰਧਰ ਅਤੇ ਫਰੀਦਕੋਟ।

2 ਸਬੰਧਤ ਜਿਲਾ ਸਿੱਖਿਆ ਅਫਸਰ (ਸੈ:ਸਿ:), ਉਮੀਦਵਾਰ ਨੂੰ ਹਾਜਰ ਕਰਾਉਣ ਤੋ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸੰਬਧੀ ਅਸਲ ਸਰਟੀਫਿਕੇਟ ਬਰੀਕੀ ਨਾਲ ਚੈਕ ਕਰਨਗੇ , ਇਹ ਵੀ ਚੈਕ ਕਰਨਗੇ ਕਿ ਡਿਸਟੈਸ ਮੋਡ ਰਾਹੀ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction) ਵਿਚ ਹੀ ਕੀਤੀ ਹੋਵੇ ਅਤੇ ਇਹ ਵੀ ਚੈਕ ਕਰਨਗੇ ਕਿ ਉਮੀਦਵਾਰ ਨਿਯੁਕਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

3 ਸਬੰਧਤ ਸਿਵਲ ਸਰਜ਼ਨ, ਉਮੀਦਵਾਰ ਦਾ ਮੈਡੀਕਲ ਫਿਟਨੈਸ ਚੈਕ ਕਰਨ ਉਪਰੰਤ ਸਰਟੀਫਿਕੇਟ ਜਾਰੀ ਕਰਨ ਲਈ।

4 ਸਬੰਧਤ ਜਿਲ੍ਹਾ ਮੈਜਿਸਟ੍ਰੇਟ, ਉਮੀਦਵਾਰ ਦਾ ਪੂਰਵ-ਵਿਹਾਰ ਵੈਰੀਫਾਈ ਕਰਨ ਉਪਰੰਤ ਤਸਦੀਕ ਜਾਰੀ ਕਰਨ ਹਿੱਤ।

5 ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ (ਸ.ਪ੍ਰ-2)